# Hummingbird ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

## Hummingbird **ਕਿਸ ਵਾਸਤੇ ਹੈ**?

ਅਸੀਂ ਮੈਨੀਟੋਬਾ ਵਿੱਚ ਕਿਸੇ ਵੀ ਅਜਿਹੇ ਵਿਅਕਤੀ ਦੀ ਮਦਦ ਕਰਦੇ ਹਾਂ ਜਿਸ 'ਤੇ ਸਰੀਰਕ ਜਾਂ ਜਿਨਸੀ ਹਮਲਾ ਹੋਇਆ ਹੈ।

## **ਜੇ ਮੈਂ** Hummingbird **ਕੋਲ ਆਵਾਂ ਤਾਂ ਕੀ ਤੁਸੀਂ ਕਿਸੇ ਨੂੰ ਦੱਸੋਗੇ**?

ਨਹੀਂ। Hummingbird ਕੋਲ ਆਉਣਾ ਗੁਪਤ ਹੁੰਦਾ ਹੈ। ਅਸੀਂ ਤੁਹਾਡੇ ਪਰਿਵਾਰ, ਪੁਲਿਸ, ਇਮੀਗ੍ਰੇਸ਼ਨ, ਜਾਂ ਤੁਹਾਡੇ ਭਾਈਚਾਰੇ ਵਿੱਚ ਕਿਸੇ ਨੂੰ ਨਹੀਂ ਦੱਸਦੇ ਹਾਂ।

## **ਮੈਂ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦਾ**/**ਬੋਲਦੀ ਹਾਂ। ਕੀ ਮੈਂ ਹਾਲੇ ਵੀ ਉੱਥੇ ਆ ਸਕਦਾ**/**ਸਕਦੀ ਹਾਂ**?

ਹਾਂ। ਅਸੀਂ ਤੁਹਾਡੇ ਨਾਲ ਫ਼ੋਨ 'ਤੇ ਹੋਣ ਵੇਲੇ ਜਾਂ Klinic ਵਿਖੇ ਤੁਹਾਡੇ ਨਾਲ ਮੌਜੂਦ ਰਹਿਣ ਲਈ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ।

## **ਤੁਸੀਂ ਮੇਰੀ ਮਦਦ ਕਿਵੇਂ ਕਰ ਸਕਦੇ ਹੋ**?

ਜੇ ਤੁਹਾਡੇ 'ਤੇ ਜਿਨਸੀ ਹਮਲਾ ਹੋਇਆ ਹੈ ਜਾਂ ਤੁਹਾਡੇ 'ਤੇ ਸਰੀਰਕ ਹਮਲਾ ਹੋਇਆ ਹੈ, ਤਾਂ ਅਸੀਂ ਇਹ ਕਰ ਸਕਦੇ ਹਾਂ:

- ਸੱਟਾਂ ਲਈ ਤੁਹਾਡੀ ਜਾਂਚ ਕਰਨੀ
- ਤੁਹਾਨੂੰ ਗਰਭ-ਅਵਸਥਾ ਅਤੇ HIV ਨੂੰ ਰੋਕਣ ਲਈ ਦਵਾਈ ਦੇਣੀ; ਇਹ ਤੁਰੰਤ ਦਿੱਤੇ ਜਾਣ ਦੀ ਲੋੜ ਹੁੰਦੀ ਹੈ
- ਜਿਨਸੀ ਤੌਰ 'ਤੇ ਫੈਲਣ ਵਾਲੀਆਂ ਲਾਗਾਂ ਲਈ ਟੈਸਟ ਅਤੇ ਇਲਾਜ ਕਰਨੇ
- ਜੇ ਤੁਸੀਂ ਪੁਲਿਸ ਨੂੰ ਸ਼ਾਮਲ ਕਰਨਾ ਚਾਹੁੰਦੇ ਹੋ ਤਾਂ ਸਬੂਤ ਇਕੱਠੇ ਕਰਨੇ
- ਤੁਹਾਡੀ ਸਹਾਇਤਾ ਕਰਨ ਅਤੇ ਤੁਹਾਡੇ ਨਾਲ ਗੱਲ ਕਰਨ ਲਈ ਕੋਈ ਵਿਅਕਤੀ ਦੇਣਾ

ਇਹ ਸਾਰੇ ਵਿਕਲਪ ਤੁਹਾਡੀ ਚੋਣ ਹਨ। ਤੁਸੀਂ ਸਾਡੇ ਦੁਆਰਾ ਪੇਸ਼ ਕੀਤੀ ਜਾਂਦੀ ਕਿਸੇ ਵੀ ਚੀਜ਼ ਲਈ ਹਾਂ ਜਾਂ ਨਾਂਹ ਕਹਿ ਸਕਦੇ ਹੋ।

## **ਜੇ ਮੈਂ ਕੈਨੇਡੀਅਨ ਨਾਗਰਿਕ ਨਹੀਂ ਹਾਂ ਤਾਂ**?

Hummingbird ਵਿੱਚ ਆਉਣ ਲਈ ਤੁਹਾਡਾ ਕੈਨੇਡੀਅਨ ਨਾਗਰਿਕ ਹੋਣ, ਤੁਹਾਡੇ ਕੋਲ ਮੈਨੀਟੋਬਾ ਹੈਲਥ ਕਾਰਡ ਹੋਣ, ਜਾਂ ਕਾਨੂੰਨੀ ਪਛਾਣ ਹੋਣ ਦੀ ਲੋੜ ਨਹੀਂ ਹੈ।

**ਮੈਂ** Hummingbird **ਤੱਕ ਕਿਵੇਂ ਪਹੁੰਚ ਕਰਾਂ**?

ਤਿੰਨ ਤਰੀਕੇ ਹਨ:

- ਡਿਊਟੀ 'ਤੇ Hummingbird ਨਰਸ ਨੂੰ ਕਾਲ ਕਰੋ: 204-451-9445
- ਸਾਨੂੰ hummingbird@klinic.mb.ca 'ਤੇ ਈਮੇਲ ਕਰੋ
- 167 Sherbrook St. ਵਿਖੇ Klinic ਵਿੱਚ ਆਓ ਅਤੇ Hummingbird ਦੀ ਮੰਗ ਕਰੋ:
    - ਸੋਮਵਾਰ ਤੋਂ ਵੀਰਵਾਰ ਸਵੇਰੇ 9 ਵਜੇ ਤੋਂ ਸ਼ਾਮ 7:30 ਵਜੇ ਤਕ
    - ਸ਼ੁੱਕਰਵਾਰ ਸਵੇਰੇ 9 ਤੋਂ ਸ਼ਾਮ 4:30 ਵਜੇ ਤਕ
    - ਸ਼ਨੀਵਾਰ ਸਵੇਰੇ 10 ਤੋਂ ਸ਼ਾਮ 4 ਵਜੇ ਤਕ

**ਤੁਸੀਂ ਦਿਨ ਦੇ** 24 **ਘੰਟੇ ਕਾਲ ਕਰਕੇ** Klinic **ਦੇ ਕਿਸੇ ਸਲਾਹਕਾਰ ਨਾਲ ਗੱਲ ਕਰ ਸਕਦੇ ਹੋ**: 204-786-8631

**ਟੋਲ-ਫ੍ਰੀ** 1-888-292-7565